Roll No. ..................

**065**

Total No. of Questions : 28]

[Total No. of Printed Pages : 7

**SS**

**2087**

ਸਲਾਨਾ ਪਰੀਖਿਆ ਪ੍ਰਨਾਲੀ

**AGRICULTURE (Theory)**

**(Common for Humanities, Science and Agriculture Groups)**

**(Punjabi, Hindi and English Versions)**

**(Evening Session)**

Time allowed : Three hours

Maximum marks : 60

**(Punjabi Version)**

*ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ* **065** *ਜ਼ਰੂਰ ਦਰਜ ਕਰੋ ਜੀ ।*

*(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।*

*(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।*

*(iv) ਕੋਈ ਵਾਧੂ ਸ਼ੀਟ ਨਹੀਂ ਮਿਲੇਗੀ । ਇਸ ਲਈ ਉੱਤਰ ਢੁਕਵੇਂ ਹੀ ਲਿਖੋ ਅਤੇ ਲਿਖਿਆ ਉੱਤਰ ਨਾ ਕੱਟੋ ।*

*(v) ਸਾਰੇ ਪ੍ਰਸ਼ਨ ਜ਼ਰੂਰੀ ਹਨ ।*

*(vi) ਹਰੇਕ ਪ੍ਰਸ਼ਨ ਦਾ ਉੱਤਰ ਖ਼ਤਮ ਹੋਣ ਤੇ ਇੱਕ ਲਾਈਨ ਲਾ ਦਿਉ ।*

*(vii) ਪ੍ਰਸ਼ਨ ਨੰਬਰ 1 ਤੋਂ 10 ਇੱਕ-ਇੱਕ ਅੰਕ ਦੇ ਹਨ, ਇਨ੍ਹਾਂ ਦਾ ਉੱਤਰ ਲਗਭਗ 1-10 ਸ਼ਬਦਾਂ ਵਿੱਚ ਲਿਖੋ । ਪ੍ਰਸ਼ਨ ਨੰਬਰ 11 ਤੋਂ 20 ਦੋ-ਦੋ ਅੰਕਾਂ ਦੇ ਹਨ, ਇਨ੍ਹਾਂ ਦਾ ਉੱਤਰ ਲਗਭਗ 20-30 ਸ਼ਬਦਾਂ ਵਿੱਚ ਲਿਖੋ । ਪ੍ਰਸ਼ਨ ਨੰਬਰ 21 ਤੋਂ 25 ਤਿੰਨ-ਤਿੰਨ ਅੰਕਾਂ ਦੇ ਹਨ, ਇਨ੍ਹਾਂ ਦੇ ਉੱਤਰ ਲਗਭਗ 80-100 ਸ਼ਬਦਾਂ ਵਿੱਚ ਲਿਖੋ । ਪ੍ਰਸ਼ਨ ਨੰਬਰ 26 ਤੋਂ 28 ਪੰਜ-ਪੰਜ ਅੰਕਾਂ ਦੇ ਹਨ, ਇਨ੍ਹਾਂ ਦੇ ਉੱਤਰ ਲਗਭਗ 120-150 ਸ਼ਬਦਾਂ ਵਿੱਚ ਲਿਖੋ, ਇਨ੍ਹਾਂ ਪ੍ਰਸ਼ਨਾਂ ਵਿੱਚੋਂ ਅੰਦਰੂਨੀ ਛੂਟ ਹੈ ।*

*(vii) ਲੋੜ ਅਨੁਸਾਰ ਚਿੱਤਰ ਬਣਾਓ ।*

1. ਪੌਦਿਆਂ ਨੂੰ ਧਰਤੀ ਵਿੱਚੋਂ ਮਿਲਣ ਵਾਲੇ ਦੋ ਤੱਤਾਂ ਦੇ ਨਾਂ ਲਿਖੋ ।

2. ਦੋ ਨਦੀਨ ਨਾਸ਼ਕਾਂ ਦੇ ਨਾਂ ਲਿਖੋ ।

3. ਦੋ ਫਾਸਫੋਰਸ ਖਾਦਾਂ ਦੇ ਨਾਂ ਲਿਖੋ ।

4. ਮੱਝ ਦਾ ਗਰਭ ਕਾਲ ਦਾ ਕਿੰਨਾ ਸਮਾਂ ਹੁੰਦਾ ਹੈ ?

5. ਹੋਲਸਟੀਨ ਫਰੀਜੀਅਨ ਸੰਸਾਰ ਦੇ ਕਿਸ ਦੇਸ਼ ਦੀ ਨਸਲ ਹੈ ?

6. ਲੇਅਰਜ ਕਿਸ ਨੂੰ ਕਹਿੰਦੇ ਹਨ ?

7. ਫੁੱਲ ਦੇ ਮਾਦਾ ਭਾਗ ਨੂੰ ਕੀ ਕਹਿੰਦੇ ਹਨ ?

8. ਡਰੂਪ ਫਲਾਂ ਦੀਆਂ ਦੋ ਉਦਾਹਰਨਾਂ ਦਿਓ ।

9. ਪੌਦੇ ਹਰੇ ਕਿਉਂ ਹੁੰਦੇ ਹਨ ?

10. ਮਧੂ ਮੱਖੀਆਂ ਤੋਂ ਕੀ ਪ੍ਰਾਪਤ ਹੁੰਦਾ ਹੈ ?

11. ਜੈਵਿਕ ਖਾਦਾਂ ਬਾਰੇ ਤੁਸੀਂ ਕੀ ਜਾਣਦੇ ਹੋ ?

12. ਚੀਕਣੀ ਮਿੱਟੀ ਉੱਤੇ ਨੋਟ ਲਿਖੋ ।

13. ਪਸ਼ੂ ਪਾਲਣ ਦੀ ਕੀ ਲੋੜ ਹੈ ?

14. ਮੁਰਗੀ ਦੇ ਭੋਜਨ ਵਿੱਚ ਰੇਤ ਜਾਂ ਛੋਟੇ-ਛੋਟੇ ਕੰਕਰ ਹੋਣਾ ਕਿਉਂ ਜ਼ਰੂਰੀ ਹੈ ?

15. ਸਲਾਨਾ ਰਿੰਗ ਤੋਂ ਕੀ ਭਾਵ ਹੈ ?

16. ਪੱਤੇ ਦੇ ਕੀ ਕੰਮ ਹਨ ?

17. ਪੰਛੀਆਂ ਰਾਹੀਂ ਪਰਾਗਣ ਕਿਵੇਂ ਹੁੰਦਾ ਹੈ ?

18. ਜੀਨ ਕੀ ਹੈ ?

19. ਵਰਗੀਕਰਨ ਤੋਂ ਕੀ ਭਾਵ ਹੈ ?

20. ਪੌਦਿਆਂ ਵਿੱਚ ਐਬਸੇਸਿਕ ਐਸਿਡ ਦਾ ਕੀ ਕੰਮ ਹੈ ?

21. ਪਾਣੀ ਦੁਆਰਾ ਹੋਣ ਵਾਲੇ ਭੌਂ ਖੋਰ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ?

22. ਫ਼ਸਲਾਂ ਦੀ ਅਦਲਾ-ਬਦਲੀ ਤੋਂ ਕੀ ਭਾਵ ਹੈ ?

23. ਹਰਿਆਨਾ ਗਾਂ ਦਾ ਮੂਲ ਅਸਥਾਨ ਅਤੇ ਲੱਛਣ ਲਿਖੋ ।

24. ਮਨੁੱਖੀ ਭੋਜਨ ਵਿੱਚ ਅੰਡਿਆਂ ਦਾ ਕੀ ਮਹੱਤਵ ਹੈ ?

25. ਇੱਕ ਬੀਜ ਪੱਤਰੀ ਅਤੇ ਦੋ ਬੀਜ ਪੱਤਰੀ ਪੌਦਿਆਂ ਦੀਆਂ ਜੜ੍ਹਾਂ ਵਿੱਚ ਅੰਤਰ ਸਪੱਸ਼ਟ ਕਰੋ ।

**26.** ਬੇਰ ਦੀ ਕਾਸ਼ਤ ਦਾ ਵਰਨਣ ਹੇਠ ਲਿਖੇ ਸਿਰਲੇਖਾਂ ਅਧੀਨ ਕਰੋ :

(ੳ) ਉੱਨਤ ਕਿਸਮਾਂ

(ਅ) ਪੌਦੇ ਲਾਉਣ ਦਾ ਸਮਾਂ ਅਤੇ ਫਾਸਲਾ

(ੲ) ਪੌਦੇ ਤਿਆਰ ਕਰਨ ਦਾ ਢੰਗ

(ਸ) ਖਾਦਾਂ ਦੀ ਵਰਤੋਂ

(ਹ) ਕੀੜੇ ਅਤੇ ਬੀਮਾਰੀਆਂ ਦੀ ਰੋਕਥਾਮ ।

ਜਾਂ

ਗੁਡਾਈ ਦਾ ਕੀ ਅਰਥ ਹੈ ? ਇਸ ਦੀਆਂ ਕਿਹੜੀਆਂ-ਕਿਹੜੀਆਂ ਵਿਧੀਆਂ ਹਨ ?

**27.** ਮੁਰਗੀਆਂ ਦੀ ਬਰਡ-ਫਲੂ ਬੀਮਾਰੀ ਦੇ ਕਾਰਣ, ਲੱਛਣ ਅਤੇ ਰੋਕਥਾਮ ਦਾ ਵਰਨਣ ਕਰੋ ।

ਜਾਂ

ਗਾਂ ਜਾਂ ਮੱਝ ਦੀ ਚੋਣ ਤੋਂ ਪਹਿਲਾਂ ਕਿੰਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ? ਵਿਸਥਾਰ ਨਾਲ ਲਿਖੋ ।

**28.** ਮਨੁੱਖ ਦੀ ਰੋਜਾਨਾ ਜਿੰਦਗੀ ਵਿੱਚ ਕੰਮ ਆਉਣ ਵਾਲੇ ਪਸ਼ੂ ਕਿਹੜੇ ਹਨ ? ਉਨ੍ਹਾਂ ਦਾ ਵਰਨਣ ਕਰੋ ।

ਜਾਂ

ਖਰਗੋਸ਼ ਦੀ ਮਾਦਾ ਮੂਤਰਜਨਨ ਪ੍ਰਣਾਲੀ ਦਾ ਚਿੱਤਰ ਬਣਾ ਕੇ ਵਰਨਣ ਕਰੋ ।